BC CANCER LUNG SCREENING
Provincial Health Services Authority

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜੇ

Notice Date:
Exam Date:

Jane Sample
123 Example Avenue
City, Province, Postal Code

ਤੁਹਾਡੇ ਫੇਫੜਿਆਂ ਦੀ ਸਕ੍ਰੀਨਿੰਗ CT ਸਕੈਨ ਤੋਂ ਪਤਾ ਲੱਗਦਾ ਹੈ ਕਿ ਤੁਹਾਡੇ ਵਿੱਚ ਫੇਫੜਿਆਂ ਦੇ ਕੈਂਸਰ ਦੀ ਸੰਭਾਵਨਾ ਘੱਟ ਹੈ।

ਅਗਲੇ ਕਦਮ: 12 ਮਹੀਨਿਆਂ ਬਾਅਦ ਨਿਯਮਿਤ ਸਕ੍ਰੀਨਿੰਗ ਲਈ ਵਾਪਸ ਆਉ। ਅਸੀਂ ਤੁਹਾਡੇ ਫੇਫੜਿਆਂ ਦੀ ਸਿਹਤ 'ਤੇ ਨਜ਼ਰ ਰੱਖਣਾ ਚਾਹੁੰਦੇ ਹਾਂ ਕਿਉਂਕਿ ਉਮਰ ਦੇ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਬਦਲਦਾ ਰਹਿੰਦਾ ਹੈ। ਜਦੋਂ ਤੁਹਾਡੇ ਅਗਲੇ CT ਸਕੈਨ ਲਈ ਵਾਪਸ ਆਉਣ ਦਾ ਸਮਾਂ ਹੋਵੇਗਾ, ਤਦ ਤੁਹਾਨੂੰ ਪ੍ਰੋਗਰਾਮ ਵੱਲੋਂ ਇੱਕ ਯਾਦ-ਦਿਹਾਨੀਪੱਤਰ ਭੇਜਿਆ ਜਾਵੇਗਾ। ਸਕ੍ਰੀਨਿੰਗ ਉਦੋਂ ਸਭ ਤੋਂ ਵਧੀਆ ਕੰਮ ਕਰਦੀ ਹੈ ਜਦੋਂ ਤੁਸੀਂ ਨਿਯਮਿਤ CT ਸਕੈਨ ਕਰਵਾਉਂਦੇ ਹੋ, ਤਾਂ ਜੋ ਇਹ ਵੇਖਿਆ ਜਾ ਸਕੇ ਕਿ ਤੁਹਾਡੇ ਪਿਛਲੇ ਸਕੈਨ ਤੋਂ ਬਾਅਦ ਕੋਈ ਨਵੇਂ ਦਾਗ ਜਾਂ ਮੌਜੂਦਾ ਦਾਗਾਂ ਵਿੱਚ ਕੋਈ ਤਬਦੀਲੀ ਤਾਂ ਨਹੀਂ ਆਈ। ਇਸ ਲਈ ਜਦੋਂ ਤੁਹਾਡੀ ਫੇਫੜਿਆਂ ਦੀ ਸਕ੍ਰੀਨਿੰਗ ਦਾ ਸਮਾਂ ਆਵੇ ਤਾਂ ਵਾਪਸ ਆਉਣਾ ਮਹੱਤਵਪੂਰਨ ਹੈ।

ਭਾਵੇਂ ਫੇਫੜਿਆਂ ਦੀ ਸਕ੍ਰੀਨਿੰਗ CT ਸਕੈਨ ਫੇਫੜਿਆਂ ਦੇ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭਣ ਲਈ ਬਹੁਤ ਪ੍ਰਭਾਵਸ਼ਾਲੀ ਹੈ, ਫਿਰ ਵੀ ਕੁਝ ਕੈਂਸਰ ਛੁੱਟ ਸਕਦੇ ਹਨ। ਜੇ ਤੁਹਾਨੂੰ ਕੋਈ ਨਵੇਂ ਲੱਛਣ ਵਿਕਸਿਤ ਹੋਣ, ਜਿਵੇਂ ਕਿ ਸਾਹ ਚੜ੍ਹਣਾ, ਛਾਤੀ ਵਿੱਚ ਦਰਦ, ਜਾਂ ਖੂਨ ਵਾਲੀ ਖੰਘ, ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨੂੰ ਜਾਣਕਾਰੀ ਦਿਉ, ਭਾਵੇਂ ਕਿ ਤੁਹਾਡਾ CT ਸਕੈਨ ਸਧਾਰਣ ਆਇਆ ਹੋਵੇ।

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ bccancer.bc.ca/screening/lung/how-it-works 'ਤੇ ਜਾਉ।

BC Cancer Lung Screening Program ਵਿੱਚ ਭਾਗ ਲੈਣ ਲਈ ਤੁਹਾਡਾ ਧੰਨਵਾਦ।

Dr. Stephen Lam
Lung Screening Medical Director

ਜੇ ਤੁਹਾਡੀ ਅਗਲੀ ਸਕ੍ਰੀਨਿੰਗ ਤੋਂ ਪਹਿਲਾਂ ਤੁਹਾਡਾ ਪਤਾ ਬਦਲ ਜਾਂਦਾ ਹੈ, ਤਾਂ ਕਿਰਪਾ ਕਰਕੇ ICBC ਅਤੇ Health Insurance BC ਨੂੰ ਇੱਕੋ ਸਮੇਂ ਅੱਪਡੇਟ ਕਰਨ ਲਈ addresschange.gov.bc.ca/ 'ਤੇ ਜਾਉ।

Lung Screening ਸੂਚਨਾਵਾਂ Health Gateway 'ਤੇ ਆਨਲਾਈਨ ਉਪਲਬਧ ਹਨ। ਪਹੁੰਚ ਲਈ ਰਜਿਸਟਰ ਕਰਨ ਵਾਸਤੇ ਕਿਰਪਾ ਕਰਕੇ healthgateway.gov.bc.ca/ 'ਤੇ ਜਾਉ।

ਜੇ ਤੁਹਾਨੂੰ ਇਹ ਰਿਪੋਰਟ ਗਲਤੀ ਨਾਲ ਪ੍ਰਾਪਤ ਹੋਈ ਹੈ ਜਾਂ ਤੁਹਾਡਾ ਸਿਹਤ-ਸੰਭਾਲ ਪ੍ਰਦਾਨਕਰਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ ਸਾਨੂੰ 1-877-717-5864 'ਤੇ ਸੂਚਿਤ ਕਰੋ।

BC Cancer Lung Screening Program
screening@bccancer.bc.ca
1-877-717-5864

SAMPLE

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜੇ

Health Care Provider:
NATALIE EXAMPLE

Screening Facility:
Lung Screening Site Name
Lung Screening Site Phone #

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਲਈ, ਜਿਸ ਵਿੱਚ ਸੰਚਾਰ ਸੰਪਰਕ ਅਤੇ ਫਾਲੋ- ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਦੇ ਮੁਲਾਂਕਣ ਦੇ ਉਦੇਸ਼ਾਂ ਲਈ, ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਵਰਤੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾ ਰਹੀ ਹੈ। ਜੇ ਤੁਹਾਡੇ ਕੋਲ ਤੁਹਾਡੀ ਨਿੱਜੀ ਜਾਣਕਾਰੀ ਦੇ ਇਕੱਠਾ ਕਰਨ ਅਤੇ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ screeningbc.ca 'ਤੇ ਜਾਉ।

SAMPLE

BC Cancer Lung Screening Program
screening@bccancer.bc.ca
1-877-717-5864